# ਰੀਫ਼ੈਮਪਿਨ (ਆਰ ਐਮ ਪੀ)

# Rifampin (RMP)

## Punjabi




## ਟੀ ਬੀ ਦੀ ਦਵਾਈ ਲੈਣ ਬਾਰੇ ਰੋਗੀ ਵਾਸਤੇ ਨਿਰਦੇਸ਼ਨ ਪੱਤਰ

ਰੀਫ਼ੈਮਪਿਨ ਕੀ ਹੈ?

ਰੀਫ਼ੈਮਪਿਨ (ਆਰ ਐਮ ਪੀ) ਤਪਦਿਕ (ਟੀ ਬੀ) ਦੇ ਇਲਾਜ ਲਈ ਇਕ ਐਂਟੀਬਾਇਟਿਕ ਦਵਾਈ ਹੈ। ਇਸ ਦੀ ਵਰਤੋਂ ਦੇ ਦੋ ਢੰਗ ਹਨ:

1. ਗੈਰ ਸਰਗਰਮ (ਛੁਪੀ ਹੋਈ) ਟੀ ਬੀ ਦੇ ਇਲਾਜ ਲਈ
2. ਟੀ ਬੀ ਦੇ ਇਲਾਜ ਲਈ (ਜਦੋਂ ਇਹ ਹੋਰ ਦਵਾਈਆਂ ਨਾਲ ਮਿਲਾਕੇ ਲਈ ਜਾਏ)

ਟੀ ਬੀ ਦੇ ਕੀਟਾਣੂ ਬਹੁਤ ਸਖਤਜਾਨ ਹੁੰਦੇ ਹਨ ਜਿਨ੍ਹਾਂ ਤੋਂ ਛੁਟਕਾਰਾ ਬਹੁਤ ਔਖਾ ਹੁੰਦਾ ਹੈ। ਸਾਰੇ ਟੀ ਬੀ ਰੋਗਾਣੂਆਂ ਨੂੰ ਮਾਰਨ ਲਈ ਅਤੇ ਟੀ ਬੀ ਦੇ ਪੂਰੇ ਇਲਾਜ ਲਈ ਤੁਹਾਨੂੰ ਇਹ ਦਵਾਈ 6 ਤੋਂ 12 ਮਹੀਨੇ ਤੱਕ ਲਗਾਤਾਰ ਖਾਣੀ ਪਏਗੀ। ਇਹ ਫ਼ੈਸਲਾ ਤੁਹਾਡਾ ਡਾਕਟਰ ਕਰੇਗਾ ਕਿ ਠੀਕ ਕਿੰਨੇ ਮਹੀਨੇ ਤੁਸਾਂ ਇਹ ਦਵਾਈ ਖਾਣੀ ਹੈ।

## ਇਹ ਦਵਾਈ ਮੈਂ ਕਿਵੇਂ ਲਵਾਂ?

- ਇਹ ਬਹੁਤ ਮਹਤਵਪੂਰਣ ਹੇ ਕਿ ਇਹ ਦਵਾਈ ਤੁਸੀਂ ਹਰ ਰੋਜ਼ **ਜਾਂ** ਜਿਵੇਂ ਤੁਹਾਡੇ ਡਾਕਟਰ ਨੇ ਹਦਾਇਤ ਕੀਤੀ ਹੋਵੇ, ਉਸ ਅਨੁਸਾਰ ਲਵੋ।
- **ਜੇ ਤੁਸੀਂ ਇਹ ਦਵਾਈ ਖਾਣੀ ਬੰਦ ਕਰ ਦਿਓ ਤਾਂ ਆਪਣੇ ਡਾਕਟਰ ਨੂੰ ਉਸੇ ਵੇਲੇ ਦਸੋ**
- ਜੇ ਤੁਸੀਂ ਇਸਦੀ ਕੋਈ ਖੁਰਾਕ ਖੁੰਝਾ ਬੈਠੇ ਹੋਵੋ ਤਾਂ ਚੇਤੇ ਆਉਂਦਿਆਂ ਹੀ ਖਾ ਲਓ ਪਰ ਇਕੋ ਵੇਲੇ ਦੋ ਖੁਰਾਕਾਂ ਕਦੇ ਨਾ ਖਾਓ
- ਇਹ ਦਵਾਈ ਖਾਲੀ ਪੇਟ ਲੈਣ ਦੀ ਕੋਸ਼ਸ਼ ਕਰੋ ਪਰ ਜੇ ਇਹ ਪੇਟ ਵਿਚ ਗੜਬੜ ਕਰੇ ਤਾ ਭੋਜਨ ਪਿਛੋਂ ਲਵੋ
- ਆਰ ਐਮ ਪੀ ਨੂੰ ਠੰਡੀ ਤੇ ਖੁਸ਼ਕ ਥਾਂ ਉੱਤੇ ਰਖੋ

ਇਹ ਦਵਾਈ ਖਾਂਦਿਆਂ ਸ਼ਰਾਬ **ਨਾ** ਪੀਓ । ਤੁਸੀਂ ਆਪਣਾ ਜਿਗਰ ਖਰਾਬ ਕਰ ਬੈਠੋਗੇ।

- ਆਪਣੇ ਡਾਕਟਰ ਨੂੰ ਦਸੋ ਕਿ ਤੁਸੀਂ ਹੋਰ ਕਿਹੜੀਆਂ ਦਵਾਈਆਂ ਲੈ ਰਹੇ ਹੋ ਜਾਂ ਕਿਹੜੀ ਨਵੀਂ ਦਵਾਈ ਸ਼ੁਰੂ ਕਰ ਰਹੇ
- ਇਹ ਦਵਾਈ ਲੈਂਦਿਆਂ ਗਰਭ-ਰੋਕੂ ਗੋਲੀਆਂ ਸ਼ਾਇਦ ਅਸਰ ਨਾ ਕਰਨ।
- ਜੇ ਤੁਸੀਂ ਗਰਭਵਤੀ ਹੋ ਜਾਂ ਆਪਣਾ ਦੁਧ ਚੁੰਘਾ ਰਹੇ ਹੋ ਤਾਂ ਇਹ ਦਵਾਈ ਲੈਣ ਤੋਂ ਪਹਿਲਾਂ ਡਾਕਟਰ ਨੂੰ ਦਸੋ।
- ਇਹ ਦਵਾਈ ਲੈਂਦਿਆਂ ਸਾਫ਼ਟ ਕਾਨਟੈਕਟ ਲੈਨਜ਼ ਦੀ ਵਰਤੋਂ ਨਾ ਕਰੋ।

## ਅਜਿਹੇ ਕਿਹੜੇ ਲਗਵੇਂ ਅਸਰ ਹਨ ਜਿਨ੍ਹਾਂ ਤੋਂ ਮੈਂ ਸੁਚੇਤ ਰਹਾਂ?

- ਬਹੁਤੇ ਲੋਕਾਂ ਨੂੰ ਆਰ ਐਮ ਪੀ ਲੈਂਦਿਆਂ ਕੋਈ ਸਮਸਿਆ ਪੈਦਾ ਨਹੀਂ ਹੁੰਦੀ
- ਆਰ ਐਮ ਪੀ ਲੈਂਦੇ ਸਮੇਂ ਤੁਹਾਨੂੰ ਬਾਕਾਇਦਗੀ ਨਾਲ ਡਾਕਟਰ ਦੀ ਨਿਗਰਾਨੀ ਹੇਠ ਰਹਿਣਾ ਪਏਗਾ
- **ਕੁਝ ਆਮ ਲਗਵੇਂ ਅਸਰ ਹਨ:**
  - ਪੇਟ ਵਿਚ ਗੜਬੜ
  - ਥੁਕ, ਹੰਝੂਆਂ, ਪਿਸ਼ਾਬ, ਪਖਾਨੇ ਵਿਚ ਸੰਤਰੀ ਜਾਂ ਲਾਲ ਰੰਗਤ (ਹਾਨੀਕਾਰਕ ਨਹੀਂ)
  - ਜਿਸਮ ਉੱਤੇ ਧੱਫੜ, ਖਾਰਸ਼
  - ਫ਼ਲੂ ਵਰਗੀਆਂ ਅਲਾਮਤਾਂ (ਬੁਖਾਰ, ਕਾਂਬਾ, ਚੱਕਰ ਆਉਣੇ, ਸਾਹ ਫੁਲਣਾ।
- **ਜੇ ਤੁਹਾਨੂੰ ਹੇਠ ਲਿਖੇ ਵਧੇਰੇ ਗੰਭੀਰ ਲਗਵੇਂ ਅਸਰਾਂ ਵਿਚੋਂ** ਕਿਸੇ ਦੀ ਅਲਾਮਤ ਦਿਸੇ ਤਾਂ ਦਵਾਈ ਲੈਣਾ ਬੰਦ ਕਰ ਦਿਓ ਤੇ ਆਪਣੇ ਡਾਕਟਰ ਨੂੰ ਦਸੋ
  - ਹੰਭੇ ਹੋਏ ਹੋਣ ਦਾ/ਥਕੇਵੇਂ ਦਾ ਅਹਿਸਾਸ
  - ਜੀਅ ਕੱਚਾ ਹੋਣਾ/ਉਲਟੀਆਂ
  - ਪੇਟ ਵਿਚ ਮਰੋੜ
  - ਭੁਖ ਨਾ ਲਗਣਾ
  - ਸਰੀਰ ਉੱਤੇ ਜਾਂ ਅੱਖਾਂ ਵਿਚ ਪਿਲੱਤਣ
  - ਗੂਹੜੇ ਰੰਗ ਦਾ ਪੇਸ਼ਾਬ
  - ਤਿੰਨ ਦਿਨਾਂ ਜਾਂ ਵਧ ਸਮੇਂ ਤੋਂ ਬੁਖਾਰ

## ਟੀ ਬੀ ਦੀ ਦਵਾਈ ਲੈਣ ਬਾਰੇ ਕੁਝ ਇਸ਼ਾਰੇ

- ਦਵਾਈ ਹਰ ਰੋਜ਼ ਨਿਸਚਿਤ ਸਮੇਂ ਤੇ ਲਵੋ, ਮਿਸਾਲ ਵਜੋਂ
  - ਸੌਣ ਤੋਂ ਪਹਿਲਾਂ
  - ਜਾਗਦੇ ਸਾਰ
- ਗੋਲੀਆਂ ਦੀ ਹਫ਼ਤਾਵਾਰ ਡੱਬੀ ਰਖੋ
- ਗੋਲੀਆਂ ਖਾਣ ਸਾਰ ਕਲੰਡਰ ਤੇ ਨਿਸ਼ਾਨੀ ਲਾਓ
- ਟਬਰ ਦੇ ਜੀਆਂ ਜਾਂ ਮਿਤਰ ਨੂੰ ਚੇਤਾ ਕਰਾਉਣ ਲਈ ਕਹੋ
- ਡਾਇਰੈਕਟਲੀ ਔਬਜ਼ਰਵਡ ਥੈਰਪੀ (DOT) ਅਪਨਾਉਣ ਦਾ ਵਿਚਾਰ ਬਣਾਓ

ਜੇ ਤੁਸੀਂ ਆਪਣੀਆਂ ਦਵਾਈਆਂ ਜਾਂ ਟੀ ਬੀ ਬਾਰੇ ਕੋਈ ਪ੍ਰਸ਼ਨ ਪੁਛਣਾ ਚਾਹੋ ਤਾਂ ਆਪਣੇ ਡਾਕਟਰ ਨਾਲ ਗਲ ਕਰੋ ਜਾਂ ਟੋਰਾਂਟੋ ਪਬਲਿਕ ਹੈਲਥ ਨੂੰ **416-338-7600** ਤੇ ਫ਼ੋਨ ਕਰੋ

E-mail: **targettb@toronto.ca**

Web Site: **www.toronto.ca/health/tb_prevention**

TORONTO Public Health



September 2011
PH1109SS212RPunj